National Research Journal of Social Sciences
Volume-11, Issue-1, January-June 2026
PP: 69-72
ISSN: 2348-473X
Peer Reviewed & Refereed Journal (IF: 6.74)
Journal Website: www.nrjss.in

# ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਨਾਸ਼ਮਾਨਤਾ ਦਾ ਸੰਕਲਪ

**ਰਾਣਾ ਬਲਜਿੰਦਰ ਕੌਰ**

ਅਸਿਸਟੈਂਟ ਪ੍ਰੋਫੈਸਰ
ਗੁਰੂ ਨਾਨਕ ਕਾਲਜ, ਸ੍ਰੀ ਮੁਕਤਸਰ ਸਾਹਿਬ

**ਸਾਰ ਤੱਤ:**

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਨਾਸ਼ਮਾਨਤਾ ਦਾ ਸੰਕਲਪ ਮਨੁੱਖੀ ਜੀਵਨ ਦੀ ਅਸਥਿਰਤਾ ਅਤੇ ਸੰਸਾਰਿਕ ਮੋਹ-ਮਾਇਆ ਦੀ ਪ੍ਰਕਿਰਤੀ ਨੂੰ ਉਜਾਗਰ ਕਰਦਾ ਹੈ। ਉਨ੍ਹਾਂ ਦੀ ਬਾਣੀ ਮਨੁੱਖ ਨੂੰ ਇਹ ਗਿਆਨ ਕਰਵਾਉਂਦੀ ਹੈ ਕਿ ਧਨ, ਜਵਾਨੀ, ਸਰੀਰਕ ਸੁੱਖ ਅਤੇ ਸੰਸਾਰਿਕ ਰਿਸ਼ਤੇ-ਨਾਤੇ ਸਦਾ ਲਈ ਕਾਇਮ ਨਹੀਂ ਰਹਿੰਦੇ। ਜੀਵਨ ਦੀ ਇਹ ਨਾਸ਼ਮਾਨਤਾ ਮਨੁੱਖ ਨੂੰ ਅਹੰਕਾਰ ਅਤੇ ਲਾਲਚ ਤੋਂ ਦੂਰ ਹੋ ਕੇ ਸੱਚੇ ਪ੍ਰਭੂ ਨਾਲ ਜੁੜਨ ਲਈ ਪ੍ਰੇਰਿਤ ਕਰਦੀ ਹੈ। ਗੁਰੂ ਤੇਗ ਬਹਾਦਰ ਜੀ ਮਨੁੱਖ ਨੂੰ ਮੌਤ ਦੀ ਅਟੱਲਤਾ ਅਤੇ ਸਮੇਂ ਦੀ ਤਾਕਤ ਦਾ ਅਹਿਸਾਸ ਕਰਵਾ ਕੇ ਆਤਮਿਕ ਜਾਗਰੂਕਤਾ ਵੱਲ ਮੋੜਦੇ ਹਨ। ਉਨ੍ਹਾਂ ਅਨੁਸਾਰ ਜੋ ਮਨੁੱਖ ਨਾਸ਼ਵਾਨ ਪਦਾਰਥਾਂ ਵਿੱਚ ਫਸਿਆ ਰਹਿੰਦਾ ਹੈ, ਉਹ ਦੁੱਖ ਅਤੇ ਭਰਮ ਦਾ ਸ਼ਿਕਾਰ ਹੁੰਦਾ ਹੈ, ਜਦਕਿ ਪ੍ਰਭੂ-ਭਗਤੀ ਅਤੇ ਨਾਮ-ਸਿਮਰਨ ਨਾਲ ਜੀਵਨ ਵਿੱਚ ਸਥਿਰਤਾ ਅਤੇ ਆਤਮਿਕ ਸ਼ਾਂਤੀ ਪ੍ਰਾਪਤ ਹੁੰਦੀ ਹੈ। ਹੱਥਲਾ ਪੇਪਰ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ 'ਨਾਸ਼ਮਾਨਤਾ' ਦੇ ਸੰਕਲਪ ਨਾਲ ਸੰਬੰਧਿਤ ਹੈ। ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚਲਾ ਨਾਸ਼ਮਾਨਤਾ ਦਾ ਸੰਕਲਪ ਮਨੁੱਖ ਨੂੰ ਸੰਸਾਰਿਕ ਅਸਥਿਰਤਾ ਤੋਂ ਉੱਪਰ ਉਠ ਕੇ ਅਧਿਆਤਮਕ ਜੀਵਨ ਦੀ ਮਹੱਤਤਾ ਸਮਝਾਉਂਦਾ ਹੈ ਅਤੇ ਸੱਚ, ਵੈਰਾਗ ਅਤੇ ਨਾਮ ਨਾਲ ਜੁੜਨ ਦਾ ਸੰਦੇਸ਼ ਦਿੰਦਾ ਹੈ।

**ਮੁੱਖ ਸ਼ਬਦ:** ਬਾਣੀ, ਨਾਸ਼ਮਾਨਤਾ, ਸੰਸਾਰਕ ਅਸਥਿਰਤਾ, ਮੋਹਮਾਇਆ, ਮੌਤ ਦੀ ਅਟੱਲਤਾ, ਅਧਿਆਤਮਿਕਤਾ, ਨਾਮ-ਸਿਮਰਨ, ਵੈਰਾਗ, ਆਤਮਿਕ ਜਾਗਰੂਕਤਾ

ਗੁਰੂ ਤੇਗ ਬਹਾਦਰ ਜੀ ਸਿੱਖ ਧਰਮ ਦੇ ਨੌਵੇਂ ਗੁਰੂ ਹਨ। ਆਪ ਜੀ ਦਾ ਜਨਮ 1 ਅਪ੍ਰੈਲ 1621 ਈਸਵੀਂ ਮੁਤਾਬਕ ਪੰਜ ਵੈਸਾਖ 1678 ਬਿਕਰਮੀ ਨੂੰ ਹੋਇਆ। ਆਪ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਅਤੇ ਮਾਤਾ ਨਾਨਕੀ ਜੀ ਦੇ ਸਭ ਤੋਂ ਛੋਟੇ ਪੁੱਤਰ ਸਨ। ਬਚਪਨ ਵਿੱਚ ਆਪ ਜੀ ਦਾ ਨਾਂ ਤਿਆਗ ਮੱਲ ਸੀ, ਪਰ ਯੁੱਧ ਵਿੱਚ ਆਪ ਜੀ ਦੀ ਤੇਗ ਦੇ ਜੌਹਰ ਦੇਖ ਕੇ ਆਪ ਜੀ ਦਾ ਨਾਂ ਤੇਗ ਬਹਾਦਰ ਰੱਖਿਆ ਗਿਆ। ਕਸ਼ਮੀਰੀ ਪੰਡਤਾਂ ਲਈ ਕੀਤੀ ਗਈ ਸ਼ਹਾਦਤ ਕਾਰਨ 'ਹਿੰਦ ਦੀ ਚਾਦਰ' ਜਾਂ 'ਹਿੰਦ ਦੇ ਪੀਰ' ਦੀ ਉਪਾਧੀ ਆਪ ਜੀ ਨੂੰ ਦਿੱਤੀ ਗਈ ਹੈ। ਹਿੰਦੂ ਧਰਮ ਦੀ ਰੱਖਿਆ ਲਈ ਆਪਣੀ ਜਾਨ ਕੁਰਬਾਨ ਕਰਕੇ ਦੁਨੀਆ ਵਿੱਚ ਆਪ ਜੀ ਨੇ ਇੱਕ ਅਨੋਖੀ ਮਿਸਾਲ ਪੈਦਾ ਕੀਤੀ। ਗੁਰੂ ਤੇਗ ਬਹਾਦਰ ਜੀ ਬਾਣੀ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸੰਕਲਿਤ ਹੈ,ਉਹ ਗਿਣਾਤਮਕ ਪੱਖੋਂ ਘੱਟ ਹੈ,ਪਰ ਇਹ ਬਾਣੀ ਆਪਣੀ ਅਦਭੁਤ ਵਿਚਾਰ-ਸ਼ਕਤੀ ਅਤੇ ਕਾਵਿ ਕਲਾ ਦੇ ਪੱਖ ਤੋਂ ਵਿਸ਼ੇਸ਼ ਮਹੱਤਵ ਰੱਖਦੀ ਹੈ। ਵੱਖ-ਵੱਖ ਰਾਗਾਂ ਵਿੱਚ ਗੁਰੂ ਸਾਹਿਬ ਨੇ 59 ਸ਼ਬਦਾਂ ਅਤੇ 57 ਸਲੋਕਾਂ ਦੀ ਰਚਨਾ ਕੀਤੀ ਹੈ। ਇਸ ਬਾਣੀ ਵਿੱਚ ਸਮੇਂ ਦੇ ਹਾਲਾਤ, ਮਨੁੱਖੀ ਮਨ ਦੀ ਦਸ਼ਾ, ਉਸਦਾ ਪ੍ਰਤੀਕਰਮ, ਮਨੋਭਾਵ, ਦੁੱਖ ਅਤੇ ਸੁੱਖ ਨੂੰ ਮਾਣਦੇ ਹੋਏ ਵਿਆਕੁਲ ਹੋਈ ਮਨੁੱਖੀ ਚੇਤਨਾ ਨੂੰ ਬਾਖੂਬੀ ਚਿਤਰਿਆ ਗਿਆ ਹੈ। ਗੁਰੂ ਤੇਗ ਬਹਾਦਰ ਦੇ ਕਾਵਿ-ਬਿੰਬ ਭਾਵ ਉਭਾਰਨ ਲਈ ਸਸ਼ਕਤ ਹਨ। ਹੇਠ ਲਿਖੀਆਂ ਪੰਕਤੀਆਂ ਵਿਚ ਸੁਪਨੇ ਅਤੇ ਬੁਲਬੁਲੇ ਦੇ ਬਿੰਬਾਂ ਰਾਹੀਂ ਜੀਵਨ ਦੀ ਨਾਸ਼ਮਾਨਤਾ ਦਾ ਭਾਵ ਇਸ ਤਰ੍ਹਾਂ ਉਦੀਪਤ ਕੀਤਾ ਹੈ ਕਿ ਸੁਪਨਾ ਜਿੰਨਾ ਚਿਰ ਵੇਖੀਦਾ ਹੈ, ਅਸਲੀਅਤ ਜਾਪਦਾ ਹੈ। ਪਰ ਉਸਦੀ ਮਿਆਦ ਸਿਰਫ਼ ਨੀਂਦ ਦੇ ਸਮੇਂ ਤਕ ਹੀ ਹੈ। ਇਸ ਤਰ੍ਹਾਂ ਮਾਨਵੀ ਰੂਪੀ ਬੁਲਬੁਲੇ ਦੀ ਹੋਂਦ ਵੀ ਸਦੀਵੀ ਨਹੀਂ। ਵੇਖਦਿਆਂ ਵੇਖਦਿਆਂ ਉਸਦਾ ਆਕਾਰ ਅਲੋਪ ਹੋ ਜਾਂਦਾ ਹੈ :

ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ॥

ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1427)

ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ॥

ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨ ਮੀਤ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1427)[1]

ਮਨੁੱਖ ਮਾਇਆ ਦੇ ਕਾਰਨ ਪਰਮਾਤਮਾ ਨੂੰ ਵਿਸਾਰ ਦਿੰਦਾ ਹੈ ਅਤੇ ਮਾਇਆ ਦੇ ਬੰਧਨਾਂ ਵਿਚ ਲੀਨ ਹੋ ਜਾਂਦਾ ਹੈ। ਮਾਇਆ ਵਿਚ ਰਮਿਆ ਹੋਣ ਕਾਰਨ ਉਹ ਪਰਮਾਤਮਾ ਦੇ ਨਾਮ ਨੂੰ ਭੁੱਲ ਜਾਂਦਾ ਹੈ ਅਤੇ ਉਸਦੀ ਭਗਤੀ ਨਹੀਂ ਕਰਦਾ, ਨਾਮ ਨਹੀਂ ਜਪਦਾ। ਸੰਸਾਰਕ ਮੋਹ ਮਾਇਆ ਵਿਚ ਆਪਣੇ ਆਪ ਨੂੰ ਫਸਾ ਲੈਂਦਾ ਹੈ ਅਤੇ ਆਪਣੀ ਮੂਰਖ਼ਤਾ ਕਰਕੇ ਪਰਮਾਤਮਾ ਨੂੰ ਭੁੱਲ ਜਾਂਦਾ ਹੈ, ਜਿਸ ਕਰਕੇ ਉਹ ਦੁਨਿਆਵੀ ਸੁੱਖ ਭੋਗ ਰਿਹਾ ਹੁੰਦਾ ਹੈ। ਇਹ ਮਾਇਆ ਜਾਲ ਵਿਚੋਂ ਨਿਕਲਣਾ ਬਹੁਤ ਕਠਿਨ ਹੈ ਪਰ ਕੁਝ ਮਨੁੱਖ ਇਸ ਭਰਮ ਵਿਚੋਂ ਨਿਕਲ ਕੇ ਪਰਮਾਤਮਾ


© Copyright @ Authors

ਦਾ ਸਿਮਰਨ ਕਰਦੇ ਹਨ।ਸੰਸਾਰੀ ਪਦਾਰਥਾਂ ਦੇ ਵੱਸ ਹੋ ਕੇ ਮਨੁੱਖ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਬੁਰਾਈਆਂ ਦਾ ਸ਼ਿਕਾਰ ਹੋ ਜਾਂਦਾ ਹੈ। ਗੁਰੂ ਸਾਹਿਬ ਮਨੁੱਖ ਨੂੰ ਇਹਨਾਂ ਸਭ ਬੁਰਾਈਆਂ ਤੋਂ ਵਰਜਦੇ ਹਨ :

ਸਾਧੋ ਮਨ ਕਾ ਮਾਨੁ ਤਿਆਗਉ ॥

ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸ ਭਾਗਉ॥

(ਸ੍ਰੀ ਗੁਰੂ ਗ੍ਰੰਥ ਸਾਹਿਬ,ਅੰਗ-219)

ਨਾਸ਼ਮਾਨਤਾ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਪ੍ਰਧਾਨ ਵਿਸ਼ਾ ਹੈ । ਪਰ ਨਾਸਮਾਨਤਾ ਦਾ ਇਹ ਚਿੰਤਨ ਸੰਸਾਰ ਤੋਂ ਭੱਜਣ ਜਾਂ ਇਕਾਂਤਵਾਸ ਦੇ ਜਾਣ ਲਈ ਉਤੇਜਿਤ ਨਹੀਂ ਕਰਦਾ। ਆਪ ਮਨੁੱਖੀ ਮਨ ਨੂੰ ਪ੍ਰਭੂ ਪ੍ਰਾਪਤੀ ਲਈ ਤਿਆਰ ਕਰਨਾ ਚਾਹੁੰਦੇ ਸਨ. ਜਿਹੜਾ ਮਨ ਸੁਆਰਥ ਜਾਂ ਮਾਇਆ ਦੇ ਹੋਰ ਕਈ ਜੰਜਾਲਾਂ ਵਿਚ ਅੜਿਆ ਹੋਇਆ ਹੈ, ਉਹ ਮਨ ਸਕਤੀਸ਼ਾਲੀ ਤਾਂ ਹੀ ਬਣਦਾ ਹੈ ਜੇ ਉਹ ਇਕਾਗਰਤਾ ਵਿਚ ਰਹੇ। ਵਾਸਨਾਵਾਂ ਵਲੋਂ ਉਸਦਾ ਰੁਖ ਮੋੜਨਾ ਜ਼ਰੂਰੀ ਹੈ। ਗੁਰੂ ਜੀ ਦੀ ਬਾਣੀ ਵਿਚ ਇਹੋ ਵਿਧੀ ਹੀ ਵਰਤੀ ਗਦੀ ਹੈ । ਮਨ ਨੂੰ ਉਹ ਵਾਰ-ਵਾਰ ਸੰਬੋਧਨ ਕਰਦੇ ਹੋਏ ਸਮਝਾਉਂਦੇ ਹਨ ਕਿ ਜਿਹੜੇ ਪਦਾਰਥਕ ਸੁਖਾਂ ਵਿਚ ਉਹ ਫਸਿਆ ਹੋਇਆ ਹੈ ਅਤੇ ਜਿੰਨਾਂ ਨੂੰ ਸਦੀਵੀਂ ਸਮਝੀ ਬੈਠਾ ਹੈ। ਉਹ ਅਸਲ ਵਿਚ ਭਰਮ ਹੀ ਹੈ। ਇਹ ਤਾਂ ਸਾਧਨ ਮਾਤਰ ਹਨ. ਲਕਸ਼ ਨਹੀਂ ਹਨ । ਸਾਧਨ-ਸੁਆਦ ਵਿਚ ਲਕਸ਼ ਨੂੰ ਭੁਲ ਜਾਣਾ ਵਿਨਾਸ਼ਕਾਰੀ ਕਰਮ ਹੈ। ਗੁਰੂ ਤੇਗ ਬਹਾਦਰ ਸਾਹਿਬ ਮਨ ਨੂੰ ਲੌਕਿਕ ਅਤੇ ਪਰਾਲੌਕਿਕ ਲਕਸ਼ ਵਲ ਤੋਰਨ ਲਈ ਉਸਨੂੰ ਬੰਧਨ ਵਿਚੋਂ ਕੱਢਣਾ ਚਾਹੁੰਦੇ ਸਨ। ਕਈ ਪੰਕਤੀਆਂ ਵਿਚ ਮਾਇਆ ਨੂੰ ਮਦ ਜਾਂ ਨਸ਼ਾ ਕਿਹਾ ਹੈ । ਇਹ ਨਸ਼ਾ (ਸ਼ਰਾਬ ਆਦਿ ਦਾ) ਇਸ ਗੱਲ ਦਾ ਵੀ ਸੰਕੇਤ ਕਰਦਾ ਹੈ ਕਿ ਇਸਦਾ ਪ੍ਰਭਾਵ ਚੰਗਾ ਨਹੀਂ ਰਹਿ ਸਕਦਾ। ਇਹ ਨਸ਼ਾ ਝੂਠਾ ਹੈ।ਸਮੇਂ ਦਾ ਮਨੁੱਖ ਇਸ ਕਦਰ ਮਾਇਆ ਦੀ ਪਕੜ ਵਿਚ ਹੈ. ਕਿ ਉਹ ਸੁਆਰਥ ਤੋਂ ਉਚੇਰਾ ਸੋਚ ਹੀ ਨਹੀਂ ਸੀ ਸਕਦਾ।

ਪ੍ਰਾਨੀ ਰਾਮ ਨ ਚੇਤਈ ਮਦ ਮਾਇਆ ਕੈ ਅੰਧੁ॥

ਕਹੁ ਨਾਨਕ ਹਰਿ ਭਜਨ ਬਿਨੁ ਪਰਤ ਤਾਹਿ ਜਮ ਫੰਧ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ 1427)

ਗੁਰੂ ਜੀ ਦੀ ਬਾਣੀ ਮਨੁੱਖ ਨੂੰ ਨਿਰਾਸ਼ਾਵਾਦੀ ਨਹੀਂ ਬਣਾਉਂਦੀ, ਸਗੋਂ ਉਸਨੂੰ ਅਸਲੀਅਤ ਵਿਚ ਜਿਊਣਾ ਸਿਖਾਉਂਦੀ ਹੈ। ਗੁਰੂ ਜੀ ਦੀ ਬਾਣੀ ਅਤੇ ਉਹਨਾਂ ਦੇ ਜੀਵਨ ਤਜਰਬੇ ਦੁੱਖ ਅਤੇ ਸੁੱਖ ਵਿਚ ਇਕ ਸਮਾਨ ਮਨੋਦਸ਼ਾ ਰੱਖਣ ਲਈ ਪ੍ਰੇਰਦੇ ਹਨ। ਆਪ ਨੇ ਦੁਨੀਆਂ ਦੇ ਰਸਾਂ ਨੂੰ ਨਾਸ਼ਮਾਨ ਦੱਸ ਕੇ ਸੰਸਾਰੀ ਜੀਵਾਂ ਨੂੰ ਪ੍ਰਭੂ ਭਗਤੀ ਵੱਲ ਪ੍ਰੇਰਿਆ ਹੈ। ਇਸ ਨਾਸ਼ਮਾਨਤਾ ਦਾ ਬਿਆਨ ਕਰਕੇ ਗੁਰੂ ਜੀ ਮਨੁੱਖ ਨੂੰ ਸੰਸਾਰਕ ਪਦਾਰਥਾਂ ਵਿਚ ਮਨ ਨਾ ਲਗਾਉਣ ਦਾ ਸੰਦੇਸ਼ ਦਿੰਦੇ ਹਨ। ਉਨ੍ਹਾਂ ਅਨੁਸਾਰ ਇਹ ਜਗਤ, ਜੀਵਨ ਅਤੇ ਸਰੀਰ ਵੀ ਅਸਥਿਰ ਹੈ। ਭਾਵ ਇਕ ਸੁਪਨੇ ਵਾਂਗ ਹੈ, ਇਸ ਦਾ ਮਾਣ ਕਰਨਾ ਵਿਅਰਥ ਹੈ।

ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ॥

ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-1427)

ਗੁਰੂ ਜੀ ਫਰਮਾਉਂਦੇ ਹਨ ਕਿ ਜਿਵੇਂ ਬੱਦਲ ਦੀ ਛਾਂ ਅਤੇ ਬੱਦਲਾਂ ਦੇ ਬਣੇ ਪਹਾੜ ਬਹੁਤ ਸਮਾਂ ਨਹੀਂ ਰਹਿ ਸਕਦੇ, ਉਸੇ ਤਰ੍ਹਾਂ ਇਹ ਜਗਤ ਹੈ, ਜਿਸ ਨੇ ਨਾਸ਼ ਹੋ ਜਾਣਾ ਹੈ :

ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ॥

(ਸ੍ਰੀ ਗੁਰੂ ਗ੍ਰੰਥ ਸਾਹਿਬ,ਅੰਗ-1231)

ਇਸ ਤੋਂ ਇਲਾਵਾ ਵੀ ਸੰਸਾਰ ਦੀ ਨਾਸ਼ਮਾਨਤਾ ਨੂੰ ਧੂੰਏ ਦੇ ਸਮਾਨ, ਬੁਲਬੁਲੇ ਦੀ ਨਿਆਈ ਆਦਿ ਉਦਾਹਰਨਾਂ ਰਾਹੀਂ ਮਨੁੱਖ ਨੂੰ ਸੋਝੀ ਦਿੱਤੀ ਹੈ। ਨਾਸ਼ਮਾਨਤਾ ਸੰਬੰਧੀ ਆਪ ਜੀ ਦੇ ਵਿਚਾਰਾਂ ਨੂੰ ਨਿਰਾਸ਼ਾਵਾਦੀ ਨਾ ਸਮਝ ਕੇ ਇਸ ਨੂੰ ਆਸ਼ਾਵਾਦੀ ਸਮਝ ਕੇ ਜੀਵਨ ਨੂੰ ਜਿਉਣਾ ਚਾਹੀਦਾ ਹੈ। ਮਨੁੱਖ ਪਦਾਰਥਾਂ ਵਸਤਾਂ ਦੇ ਸੁੱਖ ਨੂੰ ਸਥਿਰ ਸਮਝੀ ਬੈਠਾ ਹੈ ਅਤੇ ਇਸ ਵਿਚ ਇਨ੍ਹਾਂ ਲੀਨ ਹੋ ਜਾਂਦਾ ਹੈ ਕਿ ਅਸਲੀਅਤ ਤੋਂ ਦੂਰ ਹੋ ਜਾਂਦਾ ਹੈ। ਗੁਰੂ ਜੀ ਅਨੁਸਾਰ ਇਹ ਪਦਾਰਥ ਰੇਤ ਦੀ ਕੰਧ ਵਾਂਗ ਹਨ, ਜਿਸ ਦੀ ਕੋਈ ਮਿਆਦ ਨਹੀਂ ।" ਸੰਸਾਰ ਦੀ ਉਤਪਤੀ ਪਰਮਾਤਮਾ ਦੇ ਹੁਕਮ ਅਨੁਸਾਰ ਹੋਈ ਹੈ। ਜਿਸ ਦਿਨ ਜੀਵ ਪੈਦਾ ਹੁੰਦਾ ਹੈ, ਉਸ ਦੇ ਨਾਲ ਹੀ ਉਸ ਦੇ ਜਾਣ ਦਾ ਸਮਾਂ ਭਾਵ ਅੰਤਿਮ ਸਮਾਂ ਵੀ ਨਿਸ਼ਚਿਤ ਹੋ ਜਾਂਦਾ ਹੈ। ਸੰਸਾਰ 'ਤੇ ਕੁਝ ਵੀ ਸਥਿਰ ਰਹਿਣ ਵਾਲਾ ਨਹੀਂ ਸਾਰਾ ਕੁਝ ਇਕ ਦਿਨ ਬਿਨਸ ਜਾਣਾ ਹੈ। ਜੇ ਕੁਝ ਸਥਿਰ ਅਤੇ ਅਬਿਨਾਸ਼ੀ ਹੈ ਤਾਂ ਉਹ ਪਰਮਾਤਮਾ ਹੈ। ਉਹ ਅਟੱਲ ਹੈ, ਪੱਕਾ ਹੈ ਅਤੇ ਸਥਿਰ ਵੀ। ਉਸ ਤੋਂ ਬਿਨਾਂ ਸਾਰੀਆਂ ਵਸਤਾਂ, ਪਦਾਰਥ ਅਤੇ ਸਰੀਰ ਨਾਸ਼ਮਾਨ ਹਨ :

ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ॥

ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ॥


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1428-29)

ਇਸ ਸੰਸਾਰ 'ਤੇ ਰਾਜ ਕਰਨ ਵਾਲੇ ਵੱਡੇ-ਵੱਡੇ ਰਾਜੇ, ਮਹਾਰਾਜੇ ਬਲੀ ਵੀ ਨਹੀਂ ਟਿਕ ਸਕੇ, ਇੱਥੇ ਆਉਣ-ਜਾਣ ਬਣਿਆ ਹੋਇਆ ਹੈ। ਇਸ ਸੰਸਾਰ ਤੋਂ ਕੋਈ ਵੀ ਸਦਾ ਰਹਿਣ ਵਾਲਾ ਨਹੀਂ। ਗੁਰੂ ਜੀ ਫਰਮਾਉਂਦੇ ਹਨ ਕਿ ਮਨੁੱਖੀ ਆਤਮਾ ਹੀ ਹੈ, ਜੋ ਸਰੀਰ ਦੇ ਨਾਸ਼ ਹੋਣ ਨਾਲ ਨਾਸ਼ ਨਹੀਂ ਹੁੰਦੀ। ਪਰ ਆਤਮਾ ਦਾ ਸੰਬੰਧ ਪਦਾਰਥਾਂ ਨਾਲ ਵੀ ਨਹੀਂ ਰਹਿੰਦਾ, ਉਹ ਤਾਂ ਸਰੀਰ ਦਾ ਸੰਬੰਧ ਹੁੰਦਾ ਸੀ। ਸੰਸਾਰ ਵਿਚ ਕੋਈ ਤੁਹਾਡਾ ਪਿਆਰਾ ਜਾਂ ਮਿੱਤਰ ਉਸ ਵੇਲੇ ਬਣਨ ਲਈ ਤਿਆਰ ਹੁੰਦਾ ਹੈ, ਜਦੋਂ ਤੁਸੀਂ ਅਮੀਰ ਹੁੰਦੇ ਹੋ, ਸੁੱਖੀ ਹੁੰਦੇ ਹੋ। ਤੁਹਾਡੇ ਕੋਲ ਦੁਨੀਆਂ ਦੀਆਂ ਸੁੱਖ-ਸਹੂਲਤਾਂ ਹੁੰਦੀਆਂ ਹਨ। ਪਰ ਜੇ ਤੁਸੀਂ ਦੁੱਖੀ ਹੋ ਜਾਂ ਤੁਹਾਡੇ 'ਤੇ ਕੋਈ ਮੁਸੀਬਤ ਆ ਜਾਵੇ ਤਾਂ ਤੁਹਾਡੇ ਨੇੜੇ ਕੋਈ ਨਹੀਂ ਲੱਗੇਗਾ ਕਿਉਂਕਿ ਜਿਹੜੇ ਤੁਹਾਡੇ ਨਾਲ ਜੁੜੇ ਮਿੱਤਰ ਸੀ, ਉਹ ਕੇਵਲ ਪਦਾਰਥਾਂ ਦਾ ਮੋਹ ਕਾਰਨ ਤੁਹਾਡੇ ਨਾਲ ਜੁੜੇ ਸੀ :

ਇਹ ਜਗਿ ਮੀਤੁ ਨ ਦੇਖਿਓ ਕੋਈ॥

ਸਗਲ ਜਗਤੁ ਅਪਨੈ ਸੁਖਿ ਲਾਗਿਓ ਦੁਖ ਮੈ ਸੰਗਿ ਨਾ ਹੋਈ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-633)

ਗੁਰੂ ਜੀ ਨੇ ਮਨੁੱਖ ਨੂੰ ਨਾਸ਼ਮਾਨਤਾ ਦਾ ਵਿਚਾਰ ਦੇ ਕੇ ਉਸਨੂੰ ਬਲਵਾਨ ਬਣਾਇਆ ਹੈ। ਮਨੁੱਖ ਨੂੰ ਸੋਝੀ ਦਿੱਤੀ ਹੈ ਕਿ ਸੰਸਾਰ ਵਿਚ ਰਹਿ ਕੇ ਉਹ ਪਰਮਾਤਮਾ ਦੀ ਭਗਤੀ ਕਰੋ। ਮਨੁੱਖ ਨੇ ਅਖ਼ੀਰ ਇਸ ਸੰਸਾਰ ਤੋਂ ਮੇਰੀ-ਮੇਰੀ ਕਰਦੇ ਹੋਏ ਚਲੇ ਜਾਣਾ ਹੈ। ਪਦਾਰਥ ਇਕ ਪਲ ਵਿਚ ਪਰਾਏ ਹੋ ਜਾਣੇ ਹਨ। ਦੁਨਿਆਵੀ ਤੌਰ 'ਤੇ ਇਹ ਸਥਿਤੀ ਬਹੁਤ ਦਰਦਨਾਕ ਹੈ।

ਜੋ ਸੰਪਤਿ ਅਪਨੀ ਕਰਿ ਮਾਨੀ ਛਿਨ ਮਹਿ ਭਈ ਪਰਾਈ॥

ਕਹੁ ਨਾਨਕ ਯਹ ਸੋਚ ਰਹੀ ਮਨਿ ਹਰਿ ਜਸੁ ਕਬਹੁ ਨ ਗਾਈ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-1008)

ਜਗਤ ਅਤੇ ਮਨੁੱਖੀ ਜੀਵਨ ਦੋਹਾਂ ਦੀ ਮੂਲ ਸੱਚਾਈ ਨਾਸ਼ਮਾਨਤਾ ਤੇ ਪਰਿਵਰਤਨ ਹੈ। ਕੋਈ ਵਸਤੂ ਸੰਸਾਰ ਵਿਚ ਚਿਰ ਸਥਾਈ ਨਹੀਂ ਅਤੇ ਹਰ ਪਲ ਜਾਂ ਛਿਣ ਚਲੰਤ ਹੈ। ਜੇ ਕੁਝ ਸਥਿਰਤਾ ਵਿਚ ਹੈ ਤਾਂ ਉਹ ਪਰਮਾਤਮਾ ਹੈ, ਉਸਦਾ ਨਾਮ ਹੈ। ਇਸ ਤਰ੍ਹਾਂ ਗੁਰੂ ਜੀ ਸੰਸਾਰ ਵਿਚ ਵਿਚਰਦਿਆਂ ਹੋਇਆਂ ਨਾਮ ਸਿਮਰਨ ਰਾਹੀਂ ਪਰਮਾਤਮਾ ਨਾਲ ਜੁੜਨ ਲਈ ਪ੍ਰੇਰਦੇ ਹਨ। ਮਨੁੱਖ ਨੂੰ ਸੰਸਾਰ ਵਿਚ ਰਹਿੰਦਿਆਂ ਦੁੱਖਾਂ-ਤਕਲੀਫ਼ਾਂ ਦਾ ਸਾਹਮਣਾ ਕਰਦੇ ਹੋਏ, ਇਹਨਾਂ ਦੀ ਅਸਥਿਰਤਾ ਨੂੰ ਸਮਝਣਾ ਚਾਹੀਦਾ ਹੈ ਅਤੇ ਪਰਮਾਤਮਾ ਦਾ ਨਾਮ ਧਿਆਉਣਾ ਚਾਹੀਦਾ ਹੈ।[2] ਅਸਲ ਵਿਚ ਗੁਰੂ ਜੀ ਨੇ ਸਾਰੀ ਮਾਨਵਤਾ ਨੂੰ ਸੰਸਾਰ ਦੀ ਨਾਸ਼ਵਾਨਤਾ ਦਾ ਸੰਦੇਸ਼ ਦਿੱਤਾ ਹੈ। ਔਰੰਗਜ਼ੇਬ ਦਾ ਗੁਰੂ ਜੀ ਨੂੰ ਮੌਤ ਦਾ ਡਰ ਦੇਣਾ ਮੂਰਖਤਾ ਦੀ ਨਿਸ਼ਾਨੀ ਹੈ। ਗੁਰੂ ਜੀ ਦਾ ਵਿਚਾਰ ਹੈ-

"ਆਤਮਾ ਅਮਰ ਹੈ। ਇਹ ਮਰ ਨਹੀਂ ਸਕਦੀ। ਸਰੀਰ ਨਾਸ਼ਵਾਨ ਹੈ। ਮੈਂ ਅਕਾਲ ਪੁਰਖ ਦੇ ਭਾਣੇ ਵਿਚ ਰਹਿ ਕੇ ਇਸ ਨੂੰ ਤਿਆਗਣ ਲਈ ਤਿਆਰ ਹਾਂ। ਮੈਂ ਧਰਮ ਨਹੀਂ ਛੱਡ ਸਕਦਾ, ਪ੍ਰਾਣ ਤਿਆਗ ਸਕਦਾ ਹਾਂ।"[3]

ਗੁਰੂ ਤੇਗ਼ ਬਹਾਦਰ ਜੀ ਨੇ ਬਾਣੀ ਰਾਹੀਂ ਮਨੁੱਖਤਾ ਨੂੰ ਸੰਸਾਰ ਦੀ ਅਨਿਸ਼ਚਤਾ ਬਾਰੇ ਦੱਸਿਆ ਹੈ। ਸੰਸਾਰ ਵਿਚ ਕੋਈ ਚੀਜ਼ ਸਥਿਰ ਨਹੀਂ ਸਭ ਕੁਝ ਮਿੱਥਿਆ ਹੈ। ਜੋ ਇਸ ਸੰਸਾਰ ਵਿਚ ਪੈਦਾ ਹੋਇਆ ਹੈ, ਉਸ ਦਾ ਅੰਤ ਵੀ ਲਾਜ਼ਮੀ ਹੈ। ਗੁਰੂ ਸਾਹਿਬ ਨੇ ਦੁਨੀਆਂ ਦੀਆਂ ਸਭ ਵਸਤਾਂ ਨੂੰ ਨਾਸ਼ਵਾਨ ਕਿਹਾ ਹੈ ਅਤੇ ਮਨੁੱਖ ਨੂੰ ਉਸ ਸੱਚੇ ਪਰਮਾਤਮਾ ਦੀ ਭਗਤੀ ਕਰਨ ਲਈ ਪ੍ਰੇਰਿਆ ਹੈ। ਆਪ ਦੀ ਕਥਨੀ ਅਤੇ ਕਰਨੀ ਵਿਚ ਕੋਈ ਅੰਤਰ ਨਹੀਂ ਹੈ।

"ਗੁਰੂ ਤੇਗ਼ ਬਹਾਦਰ ਜੀ ਨੇ ਕਥਨੀ ਅਤੇ ਕਰਨੀ ਦੋਹਾਂ ਰਾਹੀਂ ਮਨੁੱਖ ਨੂੰ ਸੁਚੱਜੇ ਜੀਵਨ ਦੀ ਜਾਚ ਦੱਸੀ ਹੈ। ਜੋ ਕੁਝ ਗੁਰੂ ਜੀ ਨੇ ਆਪਣੀ ਬਾਣੀ ਵਿਚ ਕਿਹਾ ਹੈ ਉਸ 'ਤੇ ਖ਼ੁਦ ਪੂਰੇ ਉਤਰ ਕੇ ਵਿਖਾਇਆ ਹੈ।"[4]

ਸ੍ਰੀ ਗੁਰੂ ਤੇਗ਼ ਬਹਾਦਰ ਜੀ ਜੀਵਨ ਦੀ ਅਸਥਿਰਤਾ, ਮੌਤ ਦੀ ਅਟੱਲਤਾ ਅਤੇ ਰਿਸ਼ਤਿਆਂ ਦੀ ਸਾਰਥਕਤਾ ਦੇ ਗਹਿਰੇ ਅਨੁਭਵ ਰਾਹੀਂ ਮਨੁੱਖ ਹਿਰਦੇ ਨੂੰ ਗੁਣਾਂ ਦਾ ਧਾਰਨੀ ਬਣਾਉਂਦੀ ਹੈ। ਸੰਸਾਰਿਕ ਜੀਵਨ ਦੇ ਦੁਖ, ਜਗਤ ਦੀ ਅਸਥਿਰਤਾ, ਜੀਵਨ ਦੀ ਦੁਰਦਿਸ਼ਾ, ਕਾਲ ਦੀ ਸ਼ਕਤੀ, ਭੋਗਾ ਦੀ ਨੀਰਸਤਾ, ਸਬੰਧੀਆਂ ਦੀ ਸੁਆਰਥਿਕ ਰੁਚੀ, ਸਰੀਰਕ ਅਸਾਰਤਾ ਆਦਿਕ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਸ਼ਬਦ ਅਤੇ ਸ਼ਲੋਕ ਇਨ੍ਹਾਂ ਅਟੱਲ ਸੱਚਾਈਆਂ ਤੇ ਮਨੁੱਖ ਦਾ ਧਿਆਨ ਕੇਂਦਰਿਤ ਕਰਦੇ ਹਨ। ਬਾਣੀ ਮਨੁੱਖ ਹਿਰਦੇ ਵਿਚ ਵੈਰਾਗ ਪ੍ਰਗਟ ਕਰਦੀ ਹੈ। ਗੁਰੂ ਤੇਗ਼ ਬਹਾਦਰ ਸਾਹਿਬ ਦੀ ਤਬੀਅਤ ਸੰਸਾਰ ਦੇ ਮੋਹ ਮਾਇਆ ਤੋਂ ਉਚਾਟ ਸੀ । ਪਰ ਇਸ ਦਾ ਇਹ ਭਾਵ ਨਹੀਂ ਲੈ ਲੈਣਾ ਚਾਹੀਦਾ ਕਿ ਉਹ ਨਿਰਾਸ਼ਾਵਾਦੀ ਸਨ । ਗੁਰੂ ਜੀ ਸੰਸਾਰੀ ਪਦਾਰਥਾਂ ਤੋਂ ਆਜ਼ਾਦ ਰਹਿਣ ਚਾਹੁੰਦੇ ਹਨ । ਉਹ ਆਪ ਨਾ ਕਿਸੇ ਤੋਂ ਡਰਦੇ ਸਨ ਅਤੇ ਨਾ ਹੀ ਕਿਸੇ ਨੂੰ ਡਰਾਉਣਾ ਚਾਹੁੰਦੇ ਸਨ ।

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥

ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-1427)


© Copyright @ Authors

ਉਨ੍ਹਾਂ ਦਾ ਇਹ ਮੱਤ ਮਨੁੱਖ ਨੂੰ ਕਦੇ ਵੀ ਨਿਰਾਸ਼ਾਵਾਦੀ ਨਹੀਂ ਬਣਾਉਂਦਾ ਸਗੋਂ ਉਸ ਨੂੰ ਸਵੈ-ਮਾਨ ਦੇ ਜੀਵਨ ਵਿਚ ਜੀਉਣਾ ਸਿਖਾਉਂਦਾ ਹੈ। ਕਮਜ਼ੋਰ ਮਨ ਨੂੰ ਹਲੂਣਾ ਦਿੰਦਾ ਹੈ। ਮੋਹ ਮਾਇਆ ਦੀ ਨੀਂਦ ਵਿਚ ਸੁੱਤੇ ਮਨੁੱਖੀ ਮਨਾਂ ਨੂੰ ਟੁੰਬ ਕੇ ਜਗਾਉਂਦਾ ਹੈ। ਮਾਨਵਤਾ ਨੂੰ ਉੱਚਤਮ ਅਧਿਆਤਮਿਕ ਜੀਵਨ ਜੀਉਣ ਲਈ ਅਥਾਹ ਬਲ ਪ੍ਰਦਾਨ ਕਰਦਾ ਹੈ। ਗੁਰੂ ਜੀ ਦੀ ਸ਼ਹੀਦੀ ਵੀ ਇਹ ਦੱਸਦੀ ਹੈ ਕਿ ਉਨ੍ਹਾਂ ਦੀ ਤਬੀਅਤ ਦੁੱਖ ਤੇ ਸੁੱਖ ਵਿਚ ਇਕਸਾਰ ਰਹਿਣ ਵਾਲੀ ਸੀ । ਆਪ ਜੀ ਨੇ ਦੁਨੀਆ ਦੇ ਰਸਾਂ ਨੂੰ ਨਾਸ਼ਮਾਨ ਦੱਸ ਕੇ ਸੰਸਾਰੀ ਜੀਵਾਂ ਨੂੰ ਪ੍ਰਭੂ ਭਗਤੀ ਵੱਲ ਪ੍ਰੇਰਿਆ ਹੈ। ਤਤਕਾਲੀਨ ਭਾਰਤ ਵਿਚ ਲੋਭ ਤੇ ਮੋਹ ਦੀ ਪਕੜ ਬੜੀ ਪੱਕੀ ਸੀ । ਗੁਰੂ ਜੀ ਵਲੋਂ ਉਸ ਸਮੇਂ ਨਾਸ਼ਮਾਨਤਾ ਦਾ ਬਿਆਨ ਕਰਨਾ ਜ਼ਰੂਰੀ ਸੀ, ਤਾਂ ਕਿ ਮਨੁੱਖ ਇਨ੍ਹਾਂ ਸੰਸਾਰੀ ਪਦਾਰਥਾਂ ਵਲੋਂ ਉਪਰਾਮ ਹੋ ਸਕੇ । ਇਸੇ ਲਈ ਜੀਵਨ ਦੀ ਨਾਸ਼ਮਾਨਤਾ ਉਤੇ ਗੁਰੂ ਸਾਹਿਬ ਨੇ ਸਭ ਤੋਂ ਵੱਧ ਲਿਖਿਆ ਹੈ। ਉਨ੍ਹਾਂ ਨੇ ਕਿਹਾ ਹੈ ਕਿ ਇਹ ਜਗ, ਜੀਵਨ ਜਾਂ ਸਰੀਰ ਇਕ ਅਸਥਿਤ ਚੀਜ਼ ਹੈ, ਇਕ ਸੁਪਨਾ ਹੈ, ਇਸ ਦਾ ਮਾਣ ਕਰਨਾ ਵਿਅਰਥ ਹੈ। ਗੁਰੂ ਜੀ ਦੀ ਇਸ ਸਿੱਖਿਆ ਦਾ ਅਸਰ ਇਹ ਹੋਇਆ ਕਿ ਅਨੇਕਾਂ ਤਿਆਗੀ ਸਿੱਖਾਂ ਨੇ ਅਗੋਂ ਆਪਨਾ ਸਭ ਕੁਝ ਨਿਛਾਵਰ ਕਰ ਦਿੱਤਾ ਤੇ ਉਨ੍ਹਾਂ ਬੇ-ਮਿਸਾਲ ਕੁਰਬਾਨੀਆਂ ਦਿੱਤੀਆਂ। ਨਾਸ਼ਮਾਨਤਾ ਸੰਬੰਧੀ ਆਪ ਦਾ ਵਿਚਾਰ ਨਿਰਾਸ਼ਾਵਾਦੀ ਉੱਕਾ ਨਹੀਂ, ਸਗੋਂ ਇਹ ਆਸ਼ਾਵਾਦੀ ਤੇ ਮਾਨਵਵਾਦੀ ਹੈ। ਆਪ ਜੀ ਫਰਮਾਉਂਦੇ ਹਨ ਕਿ ਇਨਸਾਨ ਸੰਸਾਰੀ ਪਦਾਰਥਾਂ ਦੇ ਸੁੱਖਾਂ ਨੂੰ ਸਦੀਵੀ ਸਮਝੀ ਬੈਠਾ ਹੈ । ਉਹ ਇਨ੍ਹਾਂ ਸੁੱਖਾਂ ਵਿਚ ਇੰਨਾ ਲੀਨ ਹੋ ਚੁੱਕਾ ਹੈ ਕਿ ਉਹ ਅਸਲੀਅਤ ਤੋਂ ਕਾਫੀ ਦੂਰ ਚਲਾ ਗਿਆ ਹੈ। ਇਨ੍ਹਾਂ ਪਦਾਰਥਾਂ ਦੇ ਸੁੱਖ ਨੂੰ ਗੁਰੂ ਸਾਹਿਬ ਨੇ ਲੋਭ ਦੀ ਲਿੱਪੀ ਪੋਚੀ ਕੰਧ ਕਿਹਾ ਹੈ। ਜਿਸ ਦੀ ਮਿਆਦ ਚਾਰ ਦਿਨ ਦੀ ਵੀ ਨਹੀਂ ਹੁੰਦੀ। ਸੰਸਾਰ ਵਿਚ ਜੋ ਵੀ ਰਚਨਾ ਹੁੰਦੀ ਹੈ, ਉਹ ਸਭ ਪ੍ਰਭੂ ਦੇ ਹੁਕਮ ਨਾਲ ਹੁੰਦੀ ਹੈ । ਦੁਨੀਆ ਦੀਆਂ ਸਾਰੀਆਂ ਵਸਤਾਂ ਨੇ ਕਿਸੇ ਨਾ ਕਿਸੇ ਦਿਨ ਖਤਮ ਹੋ ਜਾਣਾ। ਇਸ ਲਈ ਇਨ੍ਹਾਂ ਪਦਾਰਥਾਂ ਨਾਲ ਰਿਸ਼ਤੇ-ਨਾਤੇ ਗੰਢਣ ਦਾ ਕੋਈ ਲਾਭ ਨਹੀਂ। ਦੁਨੀਆਂ ਨਾਲ ਪਿਆਰ ਪਾਉਣ ਦਾ ਉੱਕਾ ਫਾਇਦਾ ਨਹੀਂ। ਲਿਵ ਉਸ ਨਾਲ ਜੋੜਨੀ ਚਾਹੀਦੀ ਹੈ, ਜੋ ਅਬਿਨਾਸ਼ੀ ਹੋਵੇ । ਉਹ ਕੇਵਲ ਪ੍ਰਭੂ ਹੀ ਹੈ। ਉਹ ਹੀ ਅਟੱਲ ਹੈ। ਉਸ ਤੋਂ ਬਿਨਾਂ ਸਭ ਵਸਤਾਂ ਪਦਾਰਥ ਅਤੇ ਸਰੀਰ ਨਾਸ਼ਵਾਨ ਹਨ। ਗੁਰੂ ਸਾਹਿਬ ਜੀ ਦਾ ਮੱਤ ਹੈ ਕਿ ਇਸ ਸੰਸਾਰ ਵਿਚ ਵੱਡੇ ਵੱਡੇ ਰਾਜੇ, ਮਹਾਰਾਜੇ ਵੀ ਨਹੀਂ ਟਿਕ ਸਕੇ. ਇੱਥੇ ਆਉਣ ਜਾਣ ਬਣਿਆ ਹੋਇਆ ਹੈ। ਕੋਈ ਆਉਂਦਾ ਹੈ ਤੇ ਕੋਈ ਜਾਂਦਾ ਹੈ । ਕੋਈ ਵੀ ਸਥਿਰ ਨਹੀਂ ਰਹਿੰਦਾ।

ਰਾਮ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ ॥

ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-1429)

ਗੁਰੂ ਤੇਗ ਬਹਾਦਰ ਜੀ ਨੇ ਪਰਮਾਤਮਾ ਦੀ ਹੋਂਦ ਨੂੰ ਦ੍ਰਿੜ ਕਰਵਾਉਣ ਲਈ ਮਨੁੱਖੀ ਜੀਵਨ ਅਤੇ ਜਗਤ ਦੀ ਨਾਸ਼ਮਾਨਤਾ ਦੇ ਬਹੁਤ ਸਾਰੇ ਵੇਰਵੇ ਪੇਸ਼ ਕੀਤੇ ਹਨ। ਮਨੁੱਖ ਨੂੰ ਇਹ ਸੰਸਾਰ ਬੜਾ ਸੁਹਾਵਣਾ ਲੱਗਦਾ ਹੈ। ਜਿਸ ਕਰਕੇ ਉਹ ਇਸਨੂੰ ਹੀ ਸਥਾਈ ਸਮਝ ਬੈਠਦਾ ਹੈ। ਉਹ ਇਸ ਸੱਚਾਈ ਤੋਂ ਹਮੇਸ਼ਾ ਮੂੰਹ ਮੋੜਦਾ ਹੈ ਕਿ ਇਹ ਸੰਸਾਰ ਨਾਸ਼ਮਾਨ ਹੈ,ਕਿਉਂਕਿ ਉਸਨੂੰ ਇਹ ਜਗਤ ਅਤੇ ਇੱਥੋਂ ਦੀਆਂ ਵਸਤਾਂ ਚਿਰ-ਸਥਾਈ ਜਾਪਦੀਆਂ ਹਨ। ਆਪਣੇ ਸਕੇ-ਸੰਬੰਧੀਆਂ ਦੀ ਮੌਤ ਉਪਰੰਤ ਵੀ ਉਹ ਆਪਣੇ ਆਪ ਨੂੰ ਸਦਾ ਇਸ ਦੁਨੀਆਂ ਤੇ ਰਹਿਣ ਵਾਲਾ ਹੀ ਕਿਆਸ ਕਰਦਾ ਹੈ। ਉਹ ਮੌਤ ਨੂੰ ਭੁੱਲਣਾ ਚਾਹੁੰਦਾ ਹੈ। ਦੁਨਿਆਵੀਂ ਮਾਇਆ ਦੇ ਬੰਧਨਾਂ ਵਿੱਚ ਗ੍ਰਸਿਆ ਹੋਇਆ ਮਨੁੱਖ ਕਦੇ ਵੀ ਨਿਰਭੈ ਪਦ ਪ੍ਰਾਪਤ ਨਹੀਂ ਕਰ ਸਕਦਾ। ਉਹ ਵਿਕਾਰ ਗ੍ਰਸਤ ਹੋ ਕੇ ਪਤਿਤ ਹੋ ਜਾਂਦਾ ਹੈ। ਉਹ ਆਪਣਾ ਜੀਵਨ ਉਨ੍ਹਾਂ ਵਸਤਾਂ ਲਈ ਬਰਬਾਦ ਕਰ ਬੈਠਦਾ ਹੈ, ਜੋ ਨਾਸ਼ਵਾਨ ਹਨ। ਅਜਿਹਾ ਵਿਅਕਤੀ ਜਦੋਂ ਬਿਰਧ ਅਵਸਥਾ ਵਿੱਚ ਪਹੁੰਚਦਾ ਹੈ, ਤਾਂ ਉਸਨੂੰ ਮਹਿਸੂਸ ਹੁੰਦਾ ਹੈ ਕਿ ਉਸਨੇ ਆਪਣਾ ਸਾਰਾ ਜੀਵਨ ਵਿਸ਼ੇ-ਵਿਕਾਰਾਂ ਵਿੱਚ ਫਸ ਕੇ ਵਿਅਰਥ ਗਵਾ ਲਿਆ ਹੈ।

### ਹਵਾਲੇ ਤੇ ਟਿੱਪਣੀਆ


1. ਸੁਰਿੰਦਰ ਸਿੰਘ ਕੋਹਲੀ (ਸੰਪਾ),ਗੁਰੂ ਤੇਗ ਬਹਾਦਰ ਜੀਵਨ ਸਮਾਂ ਅਤੇ ਰਚਨਾ, ਪੰਨਾ-218
2. ਡਾ. ਹਰਵੰਤ ਕੌਰ, ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਵਿਚਾਰਧਾਰਕ ਪਰਿਪੇਖ, ਪੰਨਾ-14
3. ਤਰਲੋਚਨ ਸਿੰਘ, ਹਿੰਦ ਦੇ ਪੀਰ-ਗੁਰੂ ਤੇਗ ਬਹਾਦਰ ਜੀ, ਪੰਨਾ-63
4. ਉਹੀ,ਪੰਨਾ-70
5. ਬਿਕਰਮ ਸਿੰਘ ਘੁੰਮਣ, ਜੀਵਨ ਫਲਸਫਾ ਗੁਰੂ ਤੇਗ ਬਹਾਦਰ, ਪੰਨਾ- 58



© Copyright @ Authors